# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3. ਸਮੂਹ ਜ਼ਿਲ੍ਹਾ ਮੈਥ ਕੋਆਰਡੀਨੇਟਰਜ਼।
4. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)

ਮੀਮੋ ਨੰ:ਸਸਅ/ਐਮਸੀ/2010/ 000213-273
ਮਿਤੀ,ਚੰਡੀਗੜ੍ਹ 3-01-2011

ਵਿਸ਼ਾ :- ਪਹਾੜਿਆਂ ਦਾ ਕੁਇਜ਼ ਮੁਕਾਬਲਾ ਕਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਮੇਂ ਸਮੇਂ ਤੇ ਸਿੱਖਿਆ ਵਿਭਾਗ ਵੱਲੋਂ ਸਿੱਖਿਆ ਦੇ ਮਿਆਰ ਵਿੱਚ ਸੁਧਾਰ ਲਿਆਉਣ ਲਈ ਬਹੁਤ ਸਾਰੇ ਕਦਮ ਚੁੱਕੇ ਗਏ ਹਨ ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸਿੱਖਿਆ ਵਿਭਾਗ ਵੱਲੋਂ "ਕੁਆਲਟੀ ਇਮਪਰੂਵਮੈਂਟ ਇਨ ਮੈਥ ਐਂਡ ਡਿਵੈਲਪਮੈਂਟ" ਪ੍ਰੋਜੈਕਟ ਚਲਾਇਆ ਜਾ ਰਿਹਾ ਹੈ ਜਿਸ ਅਧੀਨ ਰਾਜ ਦੇ ਸਮੂਹ ਸਰਕਾਰੀ ਅੱਪਰ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਲਈ ਪਹਾੜਿਆਂ ਦਾ ਕੁਇਜ਼ ਮੁਕਾਬਲਾ ਕਰਾਉਣ ਦਾ ਫੈਸਲਾ ਲਿਆ ਗਿਆ ਹੈ। ਇਸ ਮੁਕਾਬਲੇ ਸਬੰਧੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

2.1 ਇਹ ਕੁਇਜ਼ ਮੁਕਾਬਲਾ ਨਿਮਨਲਿਖਤ ਅਨੁਸਾਰ ਤਿੰਨ ਪੱਧਰਾਂ ਦਾ ਹੋਵੇਗਾ :-

| ਲੜੀ ਨੰ: | ਪੱਧਰ | ਮਿਤੀ | ਸਮਾਂ |
|---|---|---|---|
| 1. | ਐਮ.ਐਮ.ਟੀ. ਪੱਧਰ | 19-01-2011 | ਸਵੇਰੇ 10:00 ਤੋਂ 01:00 ਵਜੇ ਤੱਕ |
| 2. | ਜ਼ਿਲ੍ਹਾ ਪੱਧਰ | 21-01-2011 | ਸਵੇਰੇ 10:00 ਤੋਂ 01:00 ਵਜੇ ਤੱਕ |
| 3. | ਰਾਜ ਪੱਧਰ | 18-02-2010 | ਸਵੇਰੇ 10:00 ਤੋਂ 01:00 ਵਜੇ ਤੱਕ |

2.2 ਜ਼ਿਲ੍ਹੇ ਅਤੇ ਐਮ.ਐਮ.ਟੀ./ਬਲਾਕ ਪੱਧਰ ਤੇ ਹੋਣ ਵਾਲੇ ਕੁਇਜ਼ ਮੁਕਾਬਲੇ ਦਾ ਸਾਰਾ ਪ੍ਰਬੰਧ ਅਤੇ ਪ੍ਰਸ਼ਨ ਪੱਤਰਾਂ ਦੀ ਤਿਆਰੀ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਨਿਗਰਾਨੀ ਹੇਠ ਜ਼ਿਲ੍ਹਾ ਮੈਥ ਕੋਆਰਡੀਨੇਟਰਜ਼ ਅਤੇ ਉਸ ਦੀ ਟੀਮ ਵੱਲੋਂ ਕੀਤੀ ਜਾਵੇਗੀ। ਇਹ ਪ੍ਰਸ਼ਨ ਪੱਤਰ ਸਮੂਹ ਬਲਾਕਾਂ ਲਈ ਸਾਂਝਾ ਹੋਵੇਗਾ। ਜ਼ਿਲ੍ਹਾ ਪੱਧਰੀ ਪ੍ਰਸ਼ਨ ਪੱਤਰ ਦਾ ਮਿਆਰ ਬਲਾਕ ਪੱਧਰੀ ਪ੍ਰਸ਼ਨ ਪੱਤਰ ਨਾਲੋਂ ਉੱਚਾ ਹੋਵੇਗਾ।

2.3 ਇਸ ਮੁਕਾਬਲੇ ਲਈ ਜਮਾਤ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਤਿੰਨ ਵਿਦਿਆਰਥੀਆਂ ਦਾ ਨਾਮ ਹਰ ਸਕੂਲ ਮੁੱਖੀ ਵੱਲੋਂ ਲਿਖਤੀ ਤੌਰ ਤੇ ਦਿੱਤਾ ਜਾਵੇਗਾ।

2.4 ਹਰੇਕ ਸਕੂਲ ਵਿੱਚੋਂ ਇੱਕ ਟੀਮ ਭਾਗ ਲਵੇਗੀ।ਹਰ ਟੀਮ ਵਿੱਚ ਛੇਵੀਂ ਜਮਾਤ ਦਾ ਇੱਕ ਵਿਦਿਆਰਥੀ, ਸੱਤਵੀਂ ਜਮਾਤ ਦਾ ਇੱਕ ਵਿਦਿਆਰਥੀ ਅਤੇ ਅੱਠਵੀਂ ਜਮਾਤ ਦਾ ਇੱਕ ਵਿਦਿਆਰਥੀ ਭਾਗ ਲਵੇਗਾ।

ਚਲਦਾ ਪੰਨਾ ..........

2.5 ਜੇਕਰ ਕੋਈ ਐਲੀਮੈਂਟਰੀ ਸਕੂਲ/ਮਿਡਲ ਸਕੂਲ ਕਿਸੇ ਹਾਈ/ਸੀਨੀਅਰ ਸੈਕੰਡਰੀ ਸਕੂਲ ਨਾਲ ਜੁੜਿਆ ਹੋਵੇ ਤਾਂ ਉਹ ਸਕੂਲ ਆਪਣੀ ਵੱਖਰੀ ਟੀਮ ਲੈ ਕੇ ਆਵੇਗਾ।

2.6 ਹਰੇਕ ਜਮਾਤ ਛੇਵੀਂ ਤੋਂ ਅੱਠਵੀਂ ਤੱਕ ਪਹਿਲਾਂ 20 ਪ੍ਰਸ਼ਨਾਂ ਦਾ ਟੈਸਟ ਲਿਖਤੀ ਲਿਆ ਜਾਵੇਗਾ। ਜਿਸ ਦਾ ਸਮਾਂ 15 ਮਿੰਟਾਂ ਦਾ ਹੋਵੇਗਾ। ਇਸ ਟੈਸਟ ਨੂੰ ਹਰੇਕ ਸਕੂਲ ਦੇ ਤਿੰਨੋਂ ਬੱਚੇ (ਛੇਵੀਂ, ਸੱਤਵੀਂ ਅਤੇ ਅੱਠਵੀਂ) ਵੱਖਰੇ-ਵੱਖਰੇ ਤੌਰ ਤੇ ਹੱਲ ਕਰਨਗੇ ਅਤੇ ਪ੍ਰਾਪਤ ਅੰਕਾਂ ਦਾ ਜੋੜ ਸਕੂਲ ਟੀਮ ਵੱਲੋਂ ਪ੍ਰਾਪਤ ਕੁੱਲ ਅੰਕ ਹੋਣਗੇ ।

2.7 ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੀਆਂ ਸਕੂਲਾਂ ਦੀਆਂ ਟੀਮਾਂ ਦਾ ਜੁਬਾਨੀ ਮੁਕਾਬਲਾ (ਕੁਇਜ਼ ਦੇ ਰੂਪ ਵਿੱਚ) ਕਰਵਾਇਆ ਜਾਵੇਗਾ।

2.8 ਪ੍ਰਸ਼ਨ 35 ਤੱਕ ਦੇ ਪਹਾੜਿਆਂ, ਟੋਕਵੇਂ ਪਹਾੜੇ , ਪਹਾੜਿਆਂ ਦੇ ਗੁਣਜ ਅਤੇ ਇੱਕ ਤੋਂ ਲੈ ਕੇ 20 ਤੱਕ ਪਹਿਲੀਆਂ ਪ੍ਰਾਕ੍ਰਿਤਿਕ ਸੰਖਿਆਵਾਂ ਦੇ ਵਰਗ ਅਤੇ ਘਣ ਵਿੱਚੋਂ ਆਉਣਗੇ ਅਤੇ ਇਸ ਵਿੱਚੋਂ ਕਿਸੇ ਵੀ ਪ੍ਰਕਾਰ ਦਾ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ। ਇਸ ਦਾ ਸਪੈਸੀਮਨ ਪੇਪਰ ਅਨੁਲਗ 'ੳ' ਤੇ ਹੈ ਜੀ।

2.9 ਇਸ ਮੁਕਾਬਲੇ ਵਿੱਚ ਚਾਰ ਰਾਊਂਡ ਹੋਣਗੇ। ਲੋੜ ਅਨੁਸਾਰ ਵਧਾਏ ਜਾ ਸਕਦੇ ਹਨ।

2.10 ਹਰੇਕ ਪ੍ਰਸ਼ਨ ਦੇ ਦੋ ਅੰਕ ਹੋਣਗੇ।

2.11 ਹਰੇਕ ਪ੍ਰਸ਼ਨ ਦਾ ਉੱਤਰ ਦੇਣ ਲਈ 20 ਸੈਕਿੰਡ ਦਿੱਤੇ ਜਾਣਗੇ।

2.12 ਜੇਕਰ ਟੀਮ ਉਤਰ ਨਾ ਕੇ ਸਕੇ ਜਾਂ ਗਲਤ ਉਤਰ ਹੋਵੇ ਤਾਂ ਪ੍ਰਸ਼ਨ ਅਗਲੀ ਟੀਮ ਨੂੰ ਪਾਸ ਕਰ ਦਿੱਤਾ ਜਾਵੇਗਾ ਅਤੇ ਜੋ ਟੀਮ ਅਜਿਹੇ ਪਾਸ ਕੀਤੇ ਪ੍ਰਸ਼ਨ ਦਾ ਸਹੀ ਉਤਰ ਦੇਵੇਗੀ ਉਸ ਨੂੰ '1' ਅੰਕ ਪ੍ਰਾਪਤ ਹੋਵੇਗਾ।

2.13 ਐਮ.ਐਮ.ਟੀ./ਬਲਾਕ ਪੱਧਰ ਤੇ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੀਆਂ ਟੀਮਾਂ ਨੂੰ ਇਨਾਮ ਦਿੱਤਾ ਜਾਵੇਗਾ।

2.14 ਐਮ.ਐਮ.ਟੀ./ਬਲਾਕ ਪੱਧਰ ਤੇ ਪਹਿਲੇ ਸਥਾਨ ਤੇ ਆਉਣ ਵਾਲੀ ਟੀਮ ਹੀ ਜ਼ਿਲ੍ਹਾ ਪੱਧਰ ਦੇ ਮੁਕਾਬਲੇ ਵਿੱਚ ਹਿੱਸਾ ਲਵੇਗੀ।

2.15 ਜ਼ਿਲ੍ਹਾ ਪੱਧਰ ਤੇ ਪਹਿਲੇ ਸਥਾਨ ਤੇ ਆਉਣ ਵਾਲੀ ਟੀਮ ਅੱਗੇ ਰਾਜ ਪੱਧਰ ਦੇ ਹਿੱਸਾ ਲਵੇਗੀ।

2.16 ਰਾਜ ਪੱਧਰੀ ਕੰਪੀਟੀਸ਼ਨ ਮੁੱਖ ਦਫ਼ਤਰ ਦੀ ਦੇਖ-ਰੇਖ ਹੇਠ ਕਰਵਾਇਆ ਜਾਵੇਗਾ। ਇਸ ਲਈ ਪ੍ਰਸ਼ਨ ਪੱਤਰ ਹੈੱਡ-ਆਫ਼ਿਸ ਤੇ ਹੀ ਤਿਆਰ ਕੀਤਾ ਜਾਵੇਗਾ।

3.0 ਕੁਇਜ਼ ਮੁਕਾਬਲੇ ਲਈ ਵੱਖ-ਵੱਖ ਪੱਧਰ ਤੇ ਜੇਤੂਆਂ ਲਈ ਐਵਾਰਡ ਦੀ ਰਾਸ਼ੀ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਪੱਧਰ | ਪਹਿਲਾ ਸਥਾਨ | ਦੂਜਾ ਸਥਾਨ | ਤੀਜਾ ਸਥਾਨ |
|---|---|---|---|---|
| 1. | ਐਮ.ਐਸ.ਟੀ./ਬਲਾਕ ਪੱਧਰ | 250/- | 150/- | 100/- |
| 2. | ਜ਼ਿਲ੍ਹਾ | 450/- | 300/- | 250/- |
| 3. | ਰਾਜ | 2000/- | 1500/- | 1000/- |

ਚਲਦਾ ਪੰਨਾ .........

3.1 ਐਵਾਰਡ ਲਈ ਖਰਚਾ ਸਰਵ ਸਿੱਖਿਆ ਅਭਿਆਨ ਅਧੀਨ ਮੈਨੇਜਮੈਂਟ ਕਾਸਟ ਵਿੱਚੋਂ ਕੀਤਾ ਜਾਵੇਗਾ। ਜ਼ਿਲ੍ਹਾ ਪੱਧਰ ਦੇ ਮੁਕਾਬਲੇ ਕਰਵਾਉਣ ਲਈ ਪ੍ਰਤੀ ਜ਼ਿਲ੍ਹਾ 500/- ਰੁਪਏ ਪ੍ਰਬੰਧਕੀ ਖਰਚਾ ਕੀਤਾ ਜਾਵੇਗਾ।

3.2 ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਬਠਿੰਡਾ ਅਤੇ ਅੰਮ੍ਰਿਤਸਰ ਇਹ ਖਰਚਾ ਪਿਛਲੇ ਸਾਲ ਦੀ ਐਲ.ਈ.ਪੀ.ਗਰਾਂਟ ਵਿੱਚੋਂ ਕਰਨਗੇ।

3.3 ਸਪੱਸ਼ਟ ਕੀਤਾ ਜਾਂਦਾ ਹੈ ਕਿ ਮੈਨੇਜਮੈਂਟ ਕਾਸਟ ਵਿੱਚੋਂ ਇਹ ਰਕਮ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਮੰਗ ਅਨੁਸਾਰ ਲੋੜੀਂਦੇ ਫੰਡਜ਼ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਵੱਲੋਂ ਮੁਹੱਈਆ ਕਰਵਾਏ ਜਾਣਗੇ। ਪ੍ਰਤੀ ਜ਼ਿਲ੍ਹਾ ਆਉਣ ਵਾਲੀ ਰਾਸ਼ੀ ਦਾ ਵੇਰਵਾ ਅਨੁਗਲ 'ਅ' ਤੇ ਹੈ ਜੀ।

4.0 ਉਪਰੋਕਤ ਦਰਸਾਈਆ ਗਾਈਡ-ਲਾਈਨਜ਼ ਅਨੁਸਾਰ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ